# ਸਾਨੂੰ ਬਚਾਉਣ ਵਾਸਤੇ ਪਰਮੇਸ਼ਵਰ ਨੇ ਇੱਕ ''ਮੇਮਨੇ'' ਦਾ ਪ੍ਰਬੰਧ ਕੀਤਾ।

**ਬੱਚਿਆਂ ਨੂੰ ਸਿਖਾਉਣ ਵਾਸਤੇ ਕੋਈ ਵੀ ਚੀਜ ਚੁਣ ਲਉ।**



ਵੱਡਾ ਬੱਚਾ ਜਾ ਅਧਿਆਪਕ, ਪੜ੍ਹੇ ਜਾ ਦੱਸੇ ਯਾਦ ਕਰਕੇ ਇਬਰਾਹੀਮ ਅਤੇ ਇਸਹਾਕ ਦੀ ਕਹਾਣੀ ਵਿੱਚ ਉੱਤਪਤ 22:1-18

ਇਹ ਕਹਾਣੀ ਦੱਸਦੀ ਹੈ ਕਿਸ ਤਰਾਂ ਇੱਕ ਛੋਟੇ ਮੁੰਡੇ ਦਾ ਜੀਵਨ ਬਚਾਉਣ ਲਈ ਇੱਕ ਮੇਮਨੇ ਦਾ ਪ੍ਰਬੰਧ ਕੀਤਾ।

ਇਹ ਕਹਾਣੀ ਦੱਸਣ ਤੋਂ ਬਾਦ, ਇਹਨਾਂ ਪ੍ਰਸ਼ਨਾ ਨੂੰ ਪੁੱਛੋ:

- ਪਰਮੇਸ਼ਵਰ ਨੇ ਅਬਰਾਹਾਮ ਤੇ ਵਿਸ਼ਵਾਸ ਨੂੰ ਕਿਵੇ ਪਰਖਿਆ? *(ਉੱਤਰ ਆਇਤ 2 ਵਿੱਚ ਦੇਖੋ)*
- ਅਬਰਾਹਾਮ ਨੇ ਪਰਮੇਸ਼ਵਰ ਦੇ ਹੁੱਕਮ ਨੂੰ ਕਿੰਦਾ ਮੰਨਿਆ? *(3)*
- ਇਸਹਾਕ ਨੇ ਕਿਹੜੇ ਪ੍ਰਸ਼ਨ ਪੁੱਛੇ, ਜਦੋਂ ਉਹ ਅਜੇ ਯਾਤਰਾ ਹੀ ਕਰ ਰਿਹਾ ਸੀ? *(7)*
- ਅਬਰਾਹਾਮ ਨੇ ਇਸਿਹਾਕ ਨੂੰ ਕੀ ਉੱਤਰ ਦਿੱਤਾ? *(8)*
- ਪਰਮੇਸ਼ਵਰ ਨੇ ਅਬਰਾਹਾਮ ਨੂੰ ਇਸਾਹਕ ਨੂੰ ਮਾਰਨ ਤੋਂ ਕਿਵੇ ਰੋਕਿਆ? *(11)*
- ਪਰਮੇਸ਼ਵਰ ਦੇ ਬਲਿਦਾਨ ਲਈ ਕਿਸ ਦਾ ਪ੍ਰਬੰਧ ਕੀਤਾ? *(13)*
- ਪਰਮੇਸ਼ਵਰ ਨੇ ਅਬਰਾਹਾਮ ਨੂੰ ਆਗਿਆਕਾਰੀ ਰਹਿੰਣ ਕਰਕੇ ਕਿਹੜੀਆਂ ਅਸੀਆਂ ਦਿੱਤੀਆ? *(16-18)*

ਸਮਝਾਉ, ਕਿ ਪ੍ਰਭੂ ਭੋਜ ਵਿੱਚ ਅਸੀ ਪਰਮੇਸ਼ਵਰ ਦੇ ਮੇਮਨੇ ਦੀ ਦੇਹ ਅਤੇ ਲਹੂ ਵਿੱਚ ਸ਼ਰੀਕ ਹੁੰਦੇ ਹਾਂ, ਜਿਹੜਾ ਕਿ ਸਾਡੇ ਵਾਸਤੇ ਮਾਰਿਆ ਗਿਆ, ਜਿਵੇ ਇਸਹਾਕ ਲਈ ਇੱਕ ਭੇਡ ਬਲੀਦਾਨ ਹੋਈ।

ਉੱਤਪਤ 22:1-18 ਵਿੱਚ ਅਬਰਾਹਾਮ ਅਤੇ ਇਸਹਾਕ ਦੀ ਕਹਾਣੀ ਦਾ ਨਾਟਕ ਤਿਆਰ ਕਰੋ। ਕਲੀਸੀਆਂ ਦੇ ਅਗੁਵੇ ਨਾਲ ਮਿਲ ਕੇ ਬਾਲਿਗਾ ਦੀ ਅਰਾਧਨਾ ਦੇ ਵਿੱਚਕਾਰ ਬੱਚੇ ਇਹ ਨਾਟਕ ਪੇਸ਼ ਕਰਨ ਦੀ ਤਿਆਰੀ ਕਰੇ। ਅਤੇ ਇਹਦੀ ਵੀ ਤਿਆਰੀ ਕਰੋ ਕਿ ਬੱਚੇ ਆਪਣੀਆਂਏ ਕਵਿਤਾਂ ਅਤੇ ਆਪਣੀਆਂ ਉਹ ਤਸਵੀਰਾਂ ਜਿੰਨ੍ਹਾਂ ਨੂੰ ਉਨ੍ਹਾਂ ਨੇ ਬਣਾਇਆ ਸੀ ਪੇਸ਼ ਕਰਨ।

- ਵੱਡੇ ਬੱਚੇ ਜਾਂ ਬਾਲਿਗਾਂ ਇਨ੍ਹਾਂ ਹਿੱਸਿਆ ਨੂੰ ਕਰਨ 1 ਵਾਚਕ, 2 ਫਰਿਸ਼ਤਾ, 3 ਅਬਰਾਹਾਮ ਜਿਹਦੇ ਹੱਥ ਵਿੱਚ ਇੱਕ ਚਾਕੂ ਅਤੇ ਰੱਸੀ ਹੋਵੇ (ਜਾਂ ਇਹਨਾ ਦਾ ਇਸਤੇਮਾਲ ਕਰਨ ਦਾ ਦਿਖਾਵਾ ਕਰੋ)
- ਛੋਟੇ ਬੱਚੇ ਇੰਨ੍ਹਾਂ ਹਿੱਸਿਆ ਨੂੰ ਕਰਨ

  **ਇਸਹਾਕ**

  ਮੇਮਨਾ ਹੱਥਾਂ ਅਤੇ ਗੋਡਿਆਂ ਉੱਤੇ ਤੁਰੇ।

  **ਸੇਵਕ** (ਲਕੜਾਂ ਦਾ ਗੱਠਾ ਲਏ ਹੋਏ)

ਵਾਚਕ ਆਇਤ 1-6 ਵਿੱਚ ਕਹਾਣੀ ਦੇ ਪਹਿਲੇ ਭਾਗ ਨੂੰ ਦੱਸੇ ਤੇ ਆਖੇ, ''ਸੁਣੋ ਪਰਮੇਸ਼ਵਰ ਅਬਰਾਹਾਮ ਨੂੰ ਕੀ ਕਹਿੰਦਾ ਹੈ।''

**ਫਰਿਸ਼ਤਾ** ''ਅੱਤ ਮਹਾਨ ਪਰਮੇਸ਼ਵਰ ਦਾ ਹੁੱਕਮ ਹੈ, ਕਿ ਤੂੰ ਆਪਣੇ ਪੁੱਤਰ ਦਾ ਬਲਿਦਾਨ ਮੋਰੀਆਹਪਹਾੜ ਉੱਤੇ ਕਰੇ।''

**ਅਬਰਾਹਾਮ:** ਉੱਪਰ ਵੇਖੇ ਅਤੇ ਆਖੇ, ''ਹਾਂ ਪਰਮੇਸ਼ਵਰ।''

ਸੇਵਕਾ ਨੂੰ ਆਖੇ, ''ਸੇਵਕੋ ਇਸਿਹਾਕ ਨੂੰ ਲੈ ਆਉ, ਅਤੇ ਅੱਗ ਜਲਾਉਣ ਵਾਸਤੇ ਲਕੜਾ ਅਤੇ ਚਾਕੂ ਵੀ ਲੈਦੇ ਆਉ।''

**ਸੇਵਕ** ਜਾਂਦੇ ਹਨ ਅਤੇ ਮੁੜ ਕੇ ਆਪਣੇ ਨਾਲ ਇਸਿਹਾਕ, ਲਕੜਾਂ ਦਾ ਗੱਠਾ ਅਤੇ ਚਾਕੂ (ਜਾਂ ਦਿਖਾਵਾ ਕਰਦੇ ਹੋਏ) ਇਬਰਾਹੀਮ ਨੂੰ ਦਿੰਦੇ ਹਨ।

**ਅਬਰਾਹਾਮ:** ਲਕੜਾਂ ਇਸਿਹਾਕ ਦੀ ਪਿੱਠ ਉੱਤੇ ਰੱਖਦੇ ਹੋਏ (ਜਾਂ ਸਿਰਫ ਦਿਖਾਵਾ ਕਰੇ) ਅਤੇ ਚਾਕੂ ਚੁਕਦੇ ਹੋਏ ਇਸਿਹਾਕ ਨਾਲ ਤੁਰਦਾ ਹੈ।

**ਵਾਚਕ:** ਆਇਤ 7:10 ਵਿੱਚੋ ਕਹਾਣੀ ਦਾ ਦੂਜਾ ਹਿੱਸਾ ਦੱਸਦਾ ਤੇ ਆਖਦਾ, ''ਸੁਣੋ ਇਸਹਾਕ ਕੀ ਕਹਿੰਦਾ ਹੈ।''

**ਇਸਹਾਕ** ''ਪਿਤਾ ਜੀ, ਬਲਿਦਾਨ ਵਾਸਤੇ ਮੇਮਨਾ ਕਿੱਥੇ ਹੈ?''

**ਅਬਰਾਹਾਮ:** ''ਪਰਮੇਸ਼ਵਰ ਮੇਮਨੇ ਦਾ ਪ੍ਰਬੰਧ ਕਰੂਗਾਂ।''

**ਇਸਹਾਕ:** ਇੱਕ ਕੁਰਸੀ ਜਾਂ ਮੇਜ਼ ਉੱਤੇ ਲੇਟ ਜਾਂਦਾ ਹੈ। (ਇਕ ਵੇਦੀ)

**ਅਬਰਾਹਾਮ:** ਇੱਕ ਰੱਸੀ ਨਾਲ ਇਸਹਾਕ ਨੂੰ ਬੰਨੇ (ਜਾ ਸਿਰਫ ਦਿਖਾਵਾ ਕਰੇ) ਚਾਕੂ ਨੂੰ ਉੱਚਾ ਕਰਕੇ ਫੜੇ।

**ਫਰਸ਼ਿਤਾ:** ''ਰੁੱਕੋ! ਇਹਨੂੰ ਨਾ ਮਾਰ! ਮੈ ਜਾਣਦਾ ਹਾਂ ਕਿ ਤੂੰ ਪਰਮੇਸ਼ਵਰ ਦਾ ਡਰ ਮੰਨਦਾ ਹੈ, ਕਿਉਂਕਿ ਤੂੰ ਮੇਰੇ ਵਾਸਤੇ ਆਪਣੇ ਪੁੱਤ ਨੂੰ ਵੀ ਰੱਖਿਆ।

**ਵਾਚਕ:** ਆਇਤ 11-18 ਵਿੱਚ ਕਹਾਣੀ ਦੇ ਤੀਸਰੇ ਹਿੱਸੇ ਨੂੰ ਦੱਸੋ।

**ਮੇਮਨਾ:** ਜੋਰ ਨਾਲ ਮੈ-ਮੈ ਕਰੇ, ਕਮਰੇ ਦੇ ਦੂਜੇ ਪਾਸੇ ਤੋਂ


**ਇਸਹਾਕ:** ''ਪਿਤਾ ਜੀ ਵੇਖੋ! ਇੱਕ ਭੇਡਾ ਝਾੜੀਆਂ ਵਿੱਚ ਫਸਿਆ ਹੋਇਆ ਹੈ। ਪਰਮੇਸ਼ਵਰ ਨੇ ਸਾਡੇ ਬਲਿਦਾਨ ਵਾਸਤੇ ਪ੍ਰਬੰਧ ਕਰ ਦਿੱਤਾ।

**ਅਬਰਾਹਾਮ:** ਇਸਹਾਕ ਨੂੰ ਖੋਲ ਦੇਵੇ, ਅਤੇ ਆਖੇ ''ਮੇਮਨੇ ਨੂੰ ਫੜ ਲਉ। ਅਤੇ ਇਹਨੂੰ ਵੇਦੀ ਉੱਤੇ ਰੱਖ ਕੇ ਬੰਨ ਦਿਉ।

**ਫਰਿਸ਼ਤਾ:** ''ਅਬਰਾਹਾਮ। ਪਰਮੇਸ਼ਵਰ ਦਾ ਸਦੀਪਕ ਵਾਹਿਦਾ ਸੁਣ। ਉਹ ਤੈਨੂੰ ਹੁੱਕਮ ਮੰਨਣ ਕਾਰਨ ਅਸੀਸ ਦੇਵੇਗਾ। ਤੇਰੇ ਬਹੁਤ ਸਾਰੇ ਦੇਸ਼ ਹੋਣਗੇ। ਅਤੇ ਉਨ੍ਹਾਂ ਵਿੱਚੋ ਇੱਕ ਨਾਲ ਉਹ ਸਾਰੇ ਦੇਸ਼ਾ ਨੂੰ ਅਸੀਸ ਦੇਵੇਗਾ।''

**ਵਾਚਕ:** ਉਨ੍ਹਾਂ ਸਭਨਾ ਦਾ ਧੰਨਵਾਦ ਕਰੇ, ਜਿੰਨ੍ਹਾਂ ਨੇ ਨਾਟਕ ਵਿੱਚ ਮੱਦਦ ਕੀਤੀ।

ਇੱਕ ਮੇਮਨੇ ਦੀ ਤਸਵੀਰ ਬਣਾਉ



- ਬੱਚੇ ਆਪਣੀ ਬਣਾਈ ਹੋਈ ਤਸਵੀਰ ਨੂੰ ਅਰਾਧਨਾ ਵੇਲੇ ਬਾਲਿਗਾਂ ਨੂੰ ਦਿਖਾਉਣ, ਅਤੇ ਇਹ ਸਮਝਾਉਣ ਕਿ ਕਿਸ ਤਰ੍ਹਾਂ ਯੀਸ਼ੂ ਦਾ ਮੇਮਨਾ ਬਣਿਆ, ਸਾਡੇ ਪਾਪਾਂ ਨੂੰ ਮਿਟਾਉਣ ਵਾਸਤੇ।
- ਵੱਡੇ ਬੱਚੇ ਛੋਟੇ ਬੱਚਿਆਂ ਦੀ ਮੱਦਦ ਕਰਨ।

ਬੱਚਿਆਂ ਨੂੰ ਪੁੱਛੋ ਕਿ ਪਰਮੇਸ਼ਵਰ ਦਾ ਅਬਰਾਹਾਮ ਨਾਲ ਕੀਤਾ ਗਿਆ ਵਾਹਿਦਾ ਯੀਸ਼ੂ ਮਸ਼ੀਹ ਵਿੱਚ ਅੱਜ ਕਿਵੇ ਪੂਰਾ ਹੋ ਗਿਆ, ਯਾਦ ਕਰੋ 6:23

**ਕਵਿਤਾ:** ਚਾਰ ਬੱਚੇ ਜਬੂਰਾਂ ਦੀ ਪੋਥੀ, ਉਹਦਾ 27 ਬਾਪ, ਆਇਤ 1, 2, 13 ਅਤੇ 14 ਨੂੰ ਦੁਹਰਾਉਣ।

ਯਹੋਵਾਹ ਮੇਰਾ ਚਾਨਣ ਅਤੇ ਮੇਰਾ ਬਚਾਉ ਹੈ, ਮੈ ਕਿਸ ਤੋਂ ਡਰਾਂ?

ਯਹੋਵਾਹ ਮੇਰੇ ਜੀਉਣ ਦਾ ਗੜ੍ਹ ਹੈ, ਮੈ ਕਿਸ ਦਾ ਭੈ ਖਾਵਾਂ?

2 ਜਦ ਬੁਰਿਆਰ ਅਰਥਾਤ ਮੇਰੇ ਵਿਰੋਧੀ ਅਤੇ ਵੈਰੀ ਮੇਰਾ ਮਾਸ ਖਾਣ ਨੂੰ ਨੇੜੇ ਆਏ, ਤਾਂ ਉਹ ਠੇਡਾ ਖਾ ਕੇ ਡਿੱਗ ਪਏ।

4 ਮੈ ਯਹੋਵਾਹ ਤੋਂ ਇੱਕ ਗੱਲ ਮੰਗੀ ਹੈ ਅਤੇ ਮੈ ਉਹੀ ਭਾਲਾਂਗਾ ਕਿ ਮੈ ਜੀਉਣ ਭਰ ਯਹੋਵਾਹ ਦੇ ਘਰ ਵੱਸਾਂ,

ਤਾਂ ਜੋ ਮੈ ਯਹੋਵਾਹ ਦੀ ਮਨੋਹਰਤਾ ਨੂੰ ਤੱਕਾਂ, ਅਤੇ ਉਹ ਦੀ ਹੈਕਲ ਵਿੱਚ ਧਿਆਨ ਕਰਾਂ।

13 ਪਰ ਮੈਨੂੰ ਜੀਉਦਿਆਂ ਦੀ ਧਰਤੀ ਉੱਤੇ ਯਹੋਵਾਹ ਦੀ ਭਲਿਆਈ ਵੇਖਣ ਦਾ ਵਿਸ਼ਵਾਸੀ ਸੀ

ਯਹੋਵਾਹ ਨੂੰ ਹੀ ਉਡੀਕ ਤਕੜਾ ਹੋ ਅਤੇ ਮਨ ਦਿਲੇਰ ਹੋਏ ਤਕੜਾ, ਯਹੋਵਾਹ ਨੂੰ ਹੀ ਉਡੀਕ।

ਬੱਚੇ ਕਵਿਤਾ, ਜਾ ਗੀਤ ਲਿਖਣ ਜਿਹਦੇ ਵਿੱਚ ਪਰਮੇਸ਼ਵਰ ਦੁਆਰਾ ਸਾਨੂੰ ਬਚਾਉਣ ਲਈ ਇੱਕ ਮੇਮਨਾ ਦਿੱਤਾ ਗਿਆ, ਉਹ ਇਹਨੂੰ ਹਫਤੇ ਵਿੱਚਕਾਰ (ਦੌਰਾਨ) ਕਰ ਸਕਦੇ ਹਨ।

**ਪ੍ਰਾਥਨਾ:** ਪਿਆਰੇ ਪਿਤਾ, ਅਸੀ ਤੁਹਾਡਾ ਧੰਨਵਾਦ ਕਰਦੇ ਹਾਂ ਕਿ ਤੁਸੀ ਆਪਣਾ ਪੁੱਤਰ ਦਿੱਤਾ, ਪਰਮੇਸ਼ਵਰ ਦਾ ਮੇਮਨਾ ਸਾਡੇ ਵਾਸਤੇ ਮਰਨ ਵਾਸਤੇ। ਉਹਦਾ ਬਲਿਦਾਨ ਮਹਾਨ ਹੈ ਕਿ ਤੁਸੀਂ ਸਾਡੇ ਪਾਪਾਂ ਨੂੰ ਮਾਫ ਕੀਤਾ। ਜਦੋ ਅਸੀਂ ਪ੍ਰਭੂ ਭੋਜ ਖਾਦੇ ਹਾਂ। ਉਸ ਵੇਲੇ ਇਹ ਬਲਿਦਾਨ ਯਾਦ ਕਰਨ ਵਿੱਚ ਸਾਡੀ ਮੱਦਦ ਕਰੋ। ਸਾਨੂੰ ਅਬਰਾਹਾਮ ਦੇ ਵਾਂਗ ਆਗਿਆਕਾਰੀ ਬਣਨ ਵਿੱਚ ਮੱਦਦ ਕਰੋ।

Copyright 2004 © by Paul-Timothy. May be freely copied. Download from www.Paul-Timothy.net